# <u>ਭਾਵੰਸ਼</u>

# ਪਰਿਭਾਸ਼ਾ:

ਭਾਵੰਸ਼ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ: ਭਾਵ+ਅੰਸ਼|ਇਸ ਤੋਂ ਅਰਥ ਇਹ ਹੈ ਕਿ ਸ਼ਬਦ ਦਾ ਸਭ ਤੋਂ ਛੋਟਾ ਸਾਰਥਕ ਅੰਸ਼ ਭਾਵੰਸ਼ ਕਹਾਉਂਦਾ ਹੈ|ਇਹਨਾਂ ਦੇ ਮੇਲ ਤੋਂ ਅੱਗੋਂ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ,ਜਿਵੇਂ :- ਕਰ| `ਕਰ' ਸ਼ਬਦ ਦੋ ਧੁਨੀਆਂ ਦੇ ਮੇਲ ਤੋਂ ਬਣਿਆ ਹੈ| ਜਿਹਨਾਂ ਨੂੰ ਅੱਗੋਂ ਹੋਰ ਸਾਰਥਕ ਟੋਟਿਆਂ ਵਿੱਚ ਨਹੀਂ ਕੀਤਾ ਜਾ ਸਕਦਾ|ਬਲਕਿ ਇਹਨਾਂ ਦੇ ਨਾਲ ਹੋਰ ਭਾਵੰਸ਼ ਜੋੜ ਕੇ ਨਵੇਂ ਸ਼ਬਦਾਂ ਦੀ ਰਚਨਾ ਕੀਤੀ ਜਾਂਦੀ ਹੈ,ਜਿਵੇਂ :- ਕਰਦੀਆਂ|ਇਸ ਸ਼ਬਦ ਵਿੱਚ `ਕਰ' ਨਾਲ ਤਿੰਨ ਹੋਰ ਭਾਵੰਸ਼ ਜੁੜੇ ਹਨ:ਕਰ+ ਦ[1]+ਈ[2]+ ਆਂ[3]|

ਉਪਰੋਕਤ ਸ਼ਬਦ `ਕਰ' ਕਿਰਿਆ ਹੈ| ਇਸ ਨਾਲ ਲੱਗੇ ਹੋਰ ਭਾਵੰਸ਼`ਦ' ਕਿਰਿਆ ਦਾ ਸੰਭਾਵੀ ਰੂਪ ਹੈ, `ਈ' ਇਸਤਰੀ ਲਿੰਗ ਦਾ ਸੂਚਕ ਹੈ, `ਆਂ' ਬਹੁਵਚਨ ਦਾ ਸੂਚਕ ਹੈ| ਇੰਜ `ਕਰਦੀਆਂ' ਸ਼ਬਦ ਵਿੱਚ ਚਾਰ ਭਾਵੰਸ਼ ਹਨ: ਕਰ+ਦ+ਈ+ ਆਂ|

# ਭਾਵੰਸ਼ ਨਾਲ  ਹੋਰ ਸੰਬੰਧਿਤ ਨਾਮ:

ਭਾਵੰਸ਼ ਨਾਮ ਤੋਂ ਇਲਾਵਾ ਇਸੇ ਸ਼ਬਦ ਦੇ ਹੋਰ ਨਾਮ ਵੀ ਵਰਤੇ ਜਾਂਦੇ ਹਨ|ਵੱਖ਼– ਵੱਖ਼ ਵਿਦਵਾਨਾਂ ਨੇ ਆਪਣੇ ਮੱਤ ਅਨੁਸਾਰ ਭਾਵੰਸ਼ ਨੂੰ ਕਈ ਨਾਵਾਂ ਨਾਲ ਪਰਿਭਾਸ਼ਿਤ ਕੀਤਾ ਹੈ| ਭਾਵੰਸ਼ ਨੂੰ ਇਸ ਨਾਮ ਤੋਂ ਇਲਾਵਾ `ਰੂਪੀਮ’,`ਮਾਰਫੀਮ’ ਤੇ `ਭਾਵਾਂਸ਼’ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ|ਅੰਗਰੇਜ਼ੀ ਭਾਸ਼ਾ ਵਿੱਚ ਇਸ ਨੂੰ `morph’ ਨਾਮ ਨਾਲ ਜਾਣਿਆ ਜਾਂਦਾ ਹੈ|ਰੂਪ ਵਿਗਿਆਨ ਅਧੀਨ ਇਸ ਨੂੰ ਭਾਸ਼ਾ  ਦੀ ਸਭ ਤੋਂ ਛੋਟੀ ਵਿਆਕਰਣਕ ਇਕਾਈ ਅਧੀਨ `ਰੂਪੀਮ ‘ ਦਾ ਨਾਮ ਦਿੱਤਾ ਗਿਆ|

# ਭਾਵੰਸ਼ ਦਾ ਵਰਗੀਕਰਨ

ਭਾਵੰਸ਼ ਦਾ ਵਰਗੀਕਰਨ ਅੱਗੋਂ ਚਾਰ ਭਾਗਾਂ ਵਿੱਚ ਕੀਤਾ ਜਾਂਦਾ ਹੈ:

1. ਮੂਲ ਭਾਵੰਸ਼
2. ਗ਼ੈਰ – ਮੂਲ ਭਾਵੰਸ਼
3. ਸੁਤੰਤਰ ਭਾਵੰਸ਼
4. ਗ਼ੈਰ - ਸੁਤੰਤਰ ਭਾਵੰਸ਼

# 1.ਮੂਲ ਭਾਵੰਸ਼

- ਮੂਲ ਭਾਵੰਸ਼ ਤੋਂ ਭਾਵ ਉਸ ਭਾਵੰਸ਼ ਤੋਂ ਹੈ ਜਿਸ ਵਿੱਚ ਸ਼ਬਦ ਰੂਪ ਮੂਲ ਹੁੰਦਾ ਹੈ ਅਰਥਾਤ ਮੂਲ ( ਧਾਤੂ) ਹੀ ਸ਼ਬਦ ਦੇ ਪੱਧਰ ‘ਤੇ ਵਾਕ ਵਿੱਚ ਵਿਚਰਦਾ ਹੈ| ਇਹ ਇੱਕ ਸਾਰਥਕ ਇਕਾਈ ਹੈ|ਜਿਸ ਨਾਲ ਹੋਰ ਭਾਵੰਸ਼ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ|ਜਿਵੇਂ:- ਕਰ, ਖਾ,ਪੀ, ਜਾ,ਚੱਲ ਅਤੇ ਮਰ ਆਦਿ|

# 2. ਗ਼ੈਰ – ਮੂਲ ਭਾਵੰਸ਼

- ਗ਼ੈਰ – ਮੂਲ ਭਾਵੰਸ਼ ਤੋਂ ਭਾਵ ਉਸ ਭਾਵੰਸ਼ ਤੋਂ ਹੈ ਜੋ ਮੂਲ ਭਾਵੰਸ਼ ਨਹੀਂ ਹੈ|ਗ਼ੈਰ – ਮੂਲ ਭਾਵੰਸ਼ ਮੂਲ ਭਾਵੰਸ਼ ਤੋਂ ਇਲਾਵਾ ਬਾਕੀ ਸਾਰੇ ਹੁੰਦੇ ਹਨ | ਇਹਨਾਂ ਭਾਵੰਸ਼ਾਂ ਵਿੱਚ ਵਧੇਤਰ ਅਤੇ ਪਾਰਟੀਕਰਲਜ਼ ( ਸੰਬੰਧਕ , ਯੋਜਕ ) ਨੂੰ ਲਿਆ ਜਾਂਦਾ ਹੈ|

# 3.ਸੁਤੰਤਰ ਭਾਵੰਸ਼

- ਸੁਤੰਤਰ ਭਾਵੰਸ਼ ਤੋਂ ਭਾਵ ਉਹਨਾਂ ਭਾਵੰਸ਼ਾਂ ਤੋਂ ਹੈ ਜੋ ਵਾਕ ਵਿੱਚ ਸ਼ਬਦ ਦੇ ਪੱਧਰ 'ਤੇ ਸੁਤੰਤਰ ਰੂਪ ਵਿੱਚ ਵਿਚਰਦੇ ਹਨ| ਇਹ ਸ਼ਬਦ ਵਿੱਚ ਬਿਨਾਂ ਕਿਸੇ ਹੋਰ ਭਾਵੰਸ਼ ਦੀ ਸਹਾਇਤਾ ਦੇ ਆਉਂਦੇ ਹਨ | ਮੂਲ ( ਧਾਤੂ) ਅਤੇ ਪਾਰਟੀਕਰਲਜ਼ ਸੁਤੰਤਰ ਭਾਵੰਸ਼ ਦੇ ਅਧੀਨ ਆਉਂਦੇ ਹਨ | ਮਰ, ਖਾ, ਤੇ , ਨੂੰ ਅਤੇ ਦੇ ਆਦਿ ਸੁਤੰਤਰ ਭਾਵੰਸ਼ ਹਨ|

# 4. ਗ਼ੈਰ – ਸੁਤੰਤਰ ਭਾਵੰਸ਼

- ਗ਼ੈਰ – ਸੁਤੰਤਰ ਭਾਵੰਸ਼ ਉਹ ਭਾਵੰਸ਼ ਹੁੰਦੇ ਹਨ ਜਿਹਨਾਂ ਦਾ ਵਾਕ ਵਿੱਚ ਸੁਤੰਤਰ ਤੌਰ ’ਤੇ ਵਿਚਰਨਾ ਸੰਭਵ ਨਹੀਂ ਹੁੰਦਾ | ਇਹ ਭਾਵੰਸ਼ ਹਮੇਸ਼ਾ ਸੁਤੰਤਰ ਭਾਵੰਸ਼ ਨਾਲ ਲੱਗ ਕੇ ਹੀ ਵਿਚਰਦੇ ਹਨ|ਗ਼ੈਰ –ਸੁਤੰਤਰ ਭਾਵੰਸ਼ ਵਿੱਚ ਮੂਲ ਭਾਵੰਸ਼ ਅਤੇ ਗ਼ੈਰ – ਮੂਲ ਭਾਵੰਸ਼ ਦੋਵੇਂ ਹੀ ਆ ਜਾਂਦੇ ਹਨ| ਜਿਵੇਂ:- ਕੁੜ,ਕੁੜੀ,ਕੁੜ-ਕੁੜ,ਕੁੜਪੁਣਾ ਵਿੱਚ ‘ਕੁੜ’ ਗ਼ੈਰ – ਸੁਤੰਤਰ ਭਾਵੰਸ਼ ਹੈ| ਇੰਜ ਹੀ ਲੜਣੋਂ, ਹੇਠਲਾ, ਅਣਜੋੜ ਆਦਿ ਵਿੱਚ ‘-ਣੋਂ’,‘-ਲਾ’,‘ਅਣ-’ ਗ਼ੈਰ – ਸੁਤੰਤਰ ਭਾਵੰਸ਼ ਹਨ|

# ਵਧੇਤਰ

- ਗ਼ੈਰ – ਸੁਤੰਤਰ ਭਾਵੰਸ਼ ਦੇ ਅਧੀਨ ਹੀ ਵਧੇਤਰ ਆਉਂਦੇ ਹਨ ਜੋ ਮੂਲ ਭਾਵੰਸ਼ (ਧਾਤੂ) ਨਾਲ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ|ਸ਼ਬਦ- ਰਚਨਾ ਵਿੱਚ ਕਾਰਜਸ਼ੀਲ ਰਚੇਤਰਾਂ ਦੀਆਂ ਵੱਖ - ਵੱਖ ਕਿਸਮਾਂ ਲਈ ਸਰਬ- ਸਾਂਝਾ ਸਾਮੂਹਿਕ ਨਾਮ 'ਵਧੇਤਰ' ਹੈ| ਵਧੇਤਰ ਬੰਧੇਜੀ ਰੂਪਗ੍ਰਾਮ ਹੀ ਹੁੰਦੇ ਹਨ|[1]

  ਵਧੇਤਰ ਹਰ ਭਾਸ਼ਾ ਵਿੱਚ ਸੀਮਿਤ ਹੀ ਹੁੰਦੇ ਹਨ, ਕਿਉਂਕਿ ਵਧੇਤਰ ਸ਼ਬਦਾਂ ਦੀ ਬੰਦ-ਸ਼ਰੇਣੀ ਨਾਲ ਸੰਬੰਧਿਤ ਹਨ ਜਿੱਥੇ ਨਵੇਂ – ਨਵੇਂ ਵਧੇਤਰ ਪੈਦਾ ਹੋਣ ਦੀ ਕੋਈ ਸੰਭਾਵਨਾ ਨਹੀਂ ਹੰਦੀ|[2]

# ਵਧੇਤਰ ਦੀਆਂ ਕਿਸਮਾਂ

- ਵਧੇਤਰ ਦੀਆਂ ਅੱਗੋਂ ਤਿੰਨ ਕਿਸਮਾਂ ਹਨ| ਇਹ ਕਿਸਮਾਂ ਸ਼ਬਦਾਂ ਵਿੱਚ ਮੂਲ (ਧਾਤੂ) ਦੇ ਜੁੜਨ ਨਾਲ ਸੰਬੰਧਿਤ ਹਨ ਭਾਵ ਉਹਨਾਂ ਦੇ ਜੋੜ ’ਤੇ ਨਿਰਭਰ ਕਰਦੀਆਂ ਹਨ| ਇਹਨਾਂ ਕਿਸਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

1. ਅਗੇਤਰ
2. ਮਧੇਤਰ
3. ਪਿਛੇਤਰ

# 1.ਅਗੇਤਰ

- ਅਗੇਤਰ ਸ਼ਬਦ ਵਿੱਚ ਮੂਲ( ਧਾਤੂ) ਦੇ ਅੱਗੇ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ| ਅਗੇਤਰ ਵਿਉਂਤਪਤ ਹੁੰਦੇ ਹਨ|ਅਗੇਤਰਾਂ ਦੀ ਵਰਤੋਂ ਨਾਲ ਸ਼ਬਦ ਦੇ ਅਰਥਾਂ ਵਿੱਚ ਤਾਂ ਤਬਦੀਲੀ ਹੁੰਦੀ ਹੈ ਪਰ ਵਿਆਕਰਣਕ ਰੂਪ ਉਹੀ ਰਹਿੰਦਾ ਹੈ|ਜਿਵੇਂ:-

  ਅਣ- ਅਣਥੱਕ,ਅਣਜੋੜ, ਅਣਭੋਲ,ਅਣਤੋਲ

  ਗ਼ੈਰ- ਗ਼ੈਰ – ਹਾਜ਼ਰ,ਗ਼ੈਰ – ਜ਼ਿੰਮੇਵਾਰ,ਗ਼ੈਰ - ਮੌਜੂਦਗੀ

  ਨਿਰ- ਨਿਰਦੇਸ਼,ਨਿਰਦੋਸ਼,ਨਿਰਪੱਖ਼,ਨਿਰਲੱਜ

  ਕੁ- ਕੁਵੇਲਾ,ਕੁਪੁੱਤ,ਕੁਰੀਤੀ,ਕੁਬੋਲ

  ਉਪ- ਉਪਨਾਮ,ਉਪਵਾਕ,ਉਪਭਾਸ਼ਾ

# 2. ਮਧੇਤਰ

- ਮਧੇਤਰ ਸ਼ਬਦ ਵਿੱਚ ਮੂਲ (ਧਾਤੂ) ਦੇ ਵਿਚਕਾਰ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ| ਪੰਜਾਬੀ ਵਿੱਚ ਮਧੇਤਰ ਦੀ ਵਰਤੋਂ ਨਾ ਦੇ ਬਰਾਬਰ ਹੈ|ਇਸ ਦੀਆਂ ਕੁਝ ਉਦਾਹਰਨਾਂ ਇਸ ਪ੍ਕਾਰ ਹਨ:

  ਕਰ-ਕਾਰ

  ਮਰ – ਮਾਰ

  ਸੜ – ਸਾੜ

# 3.ਪਿਛੇਤਰ

- ਪਿਛੇਤਰ ਸ਼ਬਦ ਵਿੱਚ ਮੂਲ( ਧਾਤੂ) ਦੇ ਪਿੱਛੇ ਲੱਗ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ| ਪਿਛੇਤਰ ਵਿਉਂਤਪਤ ਅਤੇ ਰੂਪਾਂਤਰੀ ਦੋਵੇਂ ਕਿਸਮ ਦੇ ਹੁੰਦੇ ਹਨ|ਪੰਜਾਬੀ ਵਿੱਚ ਪਿਛੇਤਰਾਂ ਦੀ ਵਰਤੋਂ ਆਮ ਕਰਕੇ ਸ਼ਬਦਾਂ ਦੇ ਵਿਆਕਰਣਕ ਰੂਪ ਦੀ ਤਬਦੀਲੀ ਲਈ ਅਤੇ ਵਾਕ ਵਿੱਚ ਸ਼ਬਦਾਂ ਨੂੰ ਲਿੰਗ,ਵਚਨ ਤੇ ਕਾਲ ਦੇ ਹਾਣੀ ਬਣਾਉਣ ਲਈ ਕੀਤੀ ਜਾਂਦੀ ਹੈ|[3] ਜਿਵੇਂ:-
  ਵਾਂ- ਮਾਂਵਾਂ,ਕਾਵਾਂ,ਜਾਵਾਂ,ਗਾਵਾਂ
  ਆਂ- ਤੀਆਂ,ਧੀਆਂ, ਜੀਆਂ,ਦੀਆਂ
  ਦਾ- ਉਸਦਾ,ਜਾਂਦਾ,ਖਾਂਦਾ,ਲਿਖਦਾ
  ਲੂ- ਸ਼ਰਧਾਲੂ,ਝਗੜਾਲੂ, ਈਰਖਾਲੂ
  ਈ- ਲੋਭੀ, ਜੋਗੀ,ਭੋਗੀ,ਸੋਗੀ,ਰੋਗੀ

# ੳ.ਵਿਉਂਤਪਤ ਪਿਛੇਤਰ

- ਵਿਉਤਪਤ ਪਿਛੇਤਰ ਉਹ ਪਿਛੇਤਰ ਹੁੰਦੇ ਹਨ ਜੋ ਸ਼ਬਦ ਮੂਲ ਦੇ ਪਿੱਛੇ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ| ਇਹਨਾਂ ਪਿਛੇਤਰਾਂ ਦੀ ਵਰਤੋਂ ਰਾਹੀਂ ਸ਼ਬਦ ਦਾ ਰੂਪ ਅਤੇ ਵਿਆਕਰਣਕ ਕਾਰਜ ਦੋਵੇਂ ਤਬਦੀਲ ਹੋ ਜਾਂਦੇ ਹਨ ਪਰ ਕਈ ਸਥਿਤੀਆਂ ਵਿੱਚ ਇਹਨਾਂ ਦਾ ਰੂਪ ਨਹੀਂ ਤਬਦੀਲ ਹੁੰਦਾ ਬਲਕਿ ਇਹ ਆਪਣੀ ਉਸੇ ਸ਼੍ਰੇਣੀ ਵਿੱਚ ਰਹਿ ਕੇ ਕਾਰਜ ਕਰਦੇ ਹਨ| ਜਿਵੇਂ:-

ਸੰਤ → ਸੰਤਰੀ → ਸੰਤਰੀਆਂ
ਅੰਤ → ਅੰਤਰ → ਅੰਤਰੀ

# ਅ.ਰੂਪਾਂਤਰੀ ਪਿਛੇਤਰ

- ਰੂਪਾਂਤਰੀ ਪਿਛੇਤਰ ਉਹ ਪਿਛੇਤਰ ਹੁੰਦੇ ਹਨ ਜੋ ਸ਼ਬਦ ਮੂਲ ਨਾਲ ਜੁੜ ਕੇ ਨਵੇਂ ਸ਼ਬਦਾਂ ਦੀ ਰਚਨਾ ਕਰਦੇ ਹਨ|ਇਹ ਪਿਛੇਤਰ ਵਿਉਂਤਪਤ ਪਿਛੇਤਰ ਤੋਂ ਉਲਟ ਆਪਣੀ ਸ਼੍ਰੇਣੀ ਨਹੀਂ ਬਦਲਦੇ ਬਲਕਿ ਆਪਣੀ ਸ਼੍ਰੇਣੀ ਵਿੱਚ ਰਹਿ ਕੇ ਹੀ ਕਾਰਜ ਕਰਦੇ ਹਨ|ਜਿਵੇਂ:-

ਜਾ → ਜਾਵੇ → ___ → ___

ਖਾ → ਖਾਵੇ → ___ → ___

# ਹਵਾਲੇ


1. ਪ੍ਰੇਮ ਪ੍ਰਕਾਸ਼ ਸਿੰਘ,ਸਿੱਧਾਂਤਕ ਭਾਸ਼ਾ ਵਿਗਿਆਨ,ਪੰਨਾ – 445.
2. ਉਹੀ,ਪੰਨਾ – 445.
3. ਵੇਦ ਅਗਨੀਹੋਤਰੀ,ਪਰਿਚਾਇਕ ਭਾਸ਼ਾ- ਵਿਗਿਆਨ,ਪੰਨਾ -72.

# ਪ੍ਰਸਤੁਤ ਕਰਤਾ

ਪ੍ਰੋ. ਹਰਮਨਪ੍ਰੀਤ ਕੌਰ
ਪੰਜਾਬੀ ਵਿਭਾਗ,
ਐਚ.ਐਮ.ਵੀ. ਕਾਲਜ,
ਜਲੰਧਰ|